




ਉੱਘੀ ਲੇਖਿਕਾ ਅਜੀਤ ਕੌਰ ਨੂੰ ਸਨਮਾਨ ਪ੍ਰਦਾਨ ਕਰਦੇ ਹੋਏ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ। (ਸੱਜੇ) ਸੰਵਾਦ ਪ੍ਰੋਗਰਾਮ ਵਿਚ ਭਾਗ ਲੈਂਦੇ ਹੋਏ ਡਾ. ਵਨੀਤਾ, ਡਾ. ਰਵੇਲ ਸਿੰਘ ਤੇ ਕੁਲਬੀਰ ਬਡੇਸਰੋਂ।

# ਅਜੀਤ ਕੌਰ ਨੂੰ ਸਾਹਿਤ ਅਕਾਦਮੀ ਦੀ 'ਮਹੱਤਰ ਮੈਂਬਰਸ਼ਿਪ' ਮਿਲੀ

ਨਵੀਂ ਦਿੱਲੀ, 19 ਦਸੰਬਰ (ਮਿਸਰਦੀਪ ਭਾਟੀਆ)-ਸਾਹਿਤ ਅਕਾਦਮੀ ਨੇ ਉੱਘੀ ਅਤੇ ਮਾਣਮੱਤੀ ਪੰਜਾਬੀ ਲੇਖਿਕਾ ਅਜੀਤ ਕੌਰ ਨੂੰ ਆਪਣੇ ਸਰਬੋਤਮ ਸਨਮਾਨ 'ਮਹੱਤਰ ਮੈਂਬਰਸ਼ਿਪ' ਨਾਲ ਸਨਮਾਨਿਤ ਕੀਤਾ ਹੈ। ਇਹ ਸਨਮਾਨ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਪ੍ਰਦਾਨ ਕੀਤਾ। ਸਾਹਿਤ ਅਕਾਦਮੀ ਦੀ ਉਪ ਪ੍ਰਧਾਨ ਕੁਮੁਦ ਸ਼ਰਮਾ ਨੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਸਾਹਿਤ ਅਕਾਦਮੀ ਦੇ ਸਕੱਤਰ ਕੇ. ਸ੍ਰੀਨਿਵਾਸਰਾਓ ਨੇ ਪ੍ਰਸੰਸਾ ਪੱਤਰ ਪੜ੍ਹਿਆ। ਆਪਣੇ ਉਦਘਾਟਨੀ ਭਾਸ਼ਨ ਵਿਚ ਮਾਧਵ ਕੌਸ਼ਿਕ ਨੇ ਕਿਹਾ ਕਿ ਅਜੀਤ ਕੌਰ ਨੇ ਆਪਣੇ ਕੰਮਾਂ ਨਾਲ ਇਕ ਮਾਂ ਵਰਗਾ ਰੁਤਬਾ ਹਾਸਿਲ ਕੀਤਾ ਹੈ ਅਤੇ ਉਨ੍ਹਾਂ ਨੇ ਔਰਤਾਂ ਦਾ ਰੁਤਬਾ ਉੱਚਾ ਚੁੱਕਣ ਲਈ ਮਹੱਤਵਪੂਰਨ ਕੰਮ ਕੀਤਾ ਹੈ। ਇਸ ਮੌਕੇ ਅਜੀਤ ਕੌਰ ਨੇ ਖ਼ੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਉਸਦੇ ਲਈ ਇਹ ਅਤਿਅੰਤ ਖ਼ੁਸ਼ੀ ਦਾ ਮੌਕਾ ਹੈ ਅਤੇ ਉਹ ਬੇਹੱਦ ਸਨਮਾਨਿਤ ਮਹਿਸੂਸ ਕਰ ਰਹੀ ਹੈ। ਉਨ੍ਹਾਂ ਦੀ ਲੇਖਣ ਦੀ ਬੇਬਾਕੀ ਨੇ ਸਾਨੂੰ ਸਾਰਿਆਂ ਨੂੰ ਉਤਸ਼ਾਹਿਤ ਕੀਤਾ ਹੈ। ਇਸਦੇ ਨਾਲ ਹੀ ਉਨ੍ਹਾਂ ਨਾਲ ਇਕ ਸੰਵਾਦ ਪ੍ਰੋਗਰਾਮ ਵੀ ਕਰਵਾਇਆ ਗਿਆ, ਜਿਸਦੀ ਪ੍ਰਧਾਨਗੀ ਪੰਜਾਬੀ ਸਲਾਹਕਾਰ ਬੋਰਡ ਦੇ ਕਨਵੀਨਰ ਰਵੇਲ ਸਿੰਘ ਨੇ ਕੀਤੀ ਅਤੇ ਵਨੀਤਾ ਤੇ ਕੁਲਬੀਰ ਬਡੇਸਰੋਂ ਨੇ ਆਪਣੇ ਵਿਚਾਰ ਪੇਸ਼ ਕੀਤੇ।